# Prime Minister Shri NarendraModi delivers Keynote Address at The Sydney Dialogue

November 18, 2021

…………………………………………..

# ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਦਿੱਤਾ ਸਿਡਨੀ ਡਾਇਲਾਗ ਵਿੱਚ ਮੁੱਖ ਭਾਸ਼ਣ

**18 ਨਵੰਬਰ, 2021**

ਪ੍ਰਧਾਨ ਮੰਤਰੀ ਨੇ ਸਿਡਨੀ ਡਾਇਲਾਗ ਵਿੱਚ ਮੁੱਖ ਭਾਸ਼ਣ ਦਿੰਦੇ ਹੋਏ ਭਾਰਤ ਦੇ ਟੈਕਨੋਲੋਜੀ ਵਿਕਾਸ ਅਤੇ ਕ੍ਰਾਂਤੀ ਬਾਰੇ ਬੋਲਿਆ।

ਭਾਰਤ ਵਿੱਚ ਹੋਣ ਵਾਲੀਆਂ ਪੰਜ ਮਹੱਤਵਪੂਰਨ ਤਬਦੀਲੀਆਂ ਦੀ ਸੂਚੀ ਇੰਝ ਹੈ:

"ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਖੁੱਲਾਪਣ ਹੈ। ਇਸ ਦੇ ਨਾਲ ਹੀ ਸਾਨੂੰ ਕੁਝ ਸਵਾਰਥੀ ਹਿੱਤਾਂ ਨੂੰ ਇਸ ਖੁੱਲੇਪਣ ਦੀ ਦੁਰਵਰਤੋਂ ਨਹੀਂ ਕਰਨ ਦੇਣੀ ਚਾਹੀਦੀ"

""ਭਾਰਤ ਦੀ ਡਿਜੀਟਲ ਕ੍ਰਾਂਤੀ ਦਾ ਆਧਾਰ ਸਾਡਾ ਲੋਕਤੰਤਰ, ਸਾਡੀ ਜਨਸੰਖਿਆ ਅਤੇ ਸਾਡੀ ਆਰਥਿਕਤਾ ਦਾ ਪੈਮਾਨਾ ਹੈ"

"ਅਸੀਂ ਲੋਕਾਂ ਨੂੰ ਸਸ਼ਕਤ ਕਰਨ ਲਈ ਡੇਟਾ ਦੀ ਵਰਤੋਂ ਕਰਦੇ ਹਾਂ। ਭਾਰਤ ਕੋਲ ਵਿਅਕਤੀਗਤ ਅਧਿਕਾਰਾਂ ਦੀ ਮਜ਼ਬੂਤ ਗਾਰੰਟੀ ਦਿੰਦੇ ਹੋਏ ਲੋਕਤੰਤਰੀ ਢਾਂਚੇ ਵਿੱਚ ਅਜਿਹਾ ਕਰਨ ਦਾ ਅਦੁੱਤਾ ਤਜਰਬਾ ਹੈ"

"ਭਾਰਤ ਦੀਆਂ ਲੋਕਤੰਤਰੀ ਪਰੰਪਰਾਵਾਂ ਪੁਰਾਣੀਆਂ ਹਨ; ਇਸ ਦੀਆਂ ਆਧੁਨਿਕ ਸੰਸਥਾਵਾਂ ਮਜ਼ਬੂਤ ਹਨ। ਅਤੇ ਅਸੀਂ ਹਮੇਸ਼ਾ ਹੀ ਸਾਰੀ ਦੁਨੀਆ ਨੂੰ ਪਰਿਵਾਰ ਵਜੋਂ ਵੇਖਣ 'ਚ ਵਿਸ਼ਵਾਸ ਕੀਤਾ ਹੈ"

ਲੋਕਤੰਤਰਾਂ ਨੂੰ ਮਿਲ ਕੇ ਕੰਮ ਕਰਨ ਲਈ ਇੱਕ ਰੂਪਰੇਖਾ ਦਿੰਦਾ ਹੈ ਜੋ ਰਾਸ਼ਟਰੀ ਅਧਿਕਾਰਾਂ ਨੂੰ ਮਹੱਤਤਾ ਦਿੰਦਾ ਹੈ ਅਤੇ ਨਾਲ ਹੀ ਵਪਾਰ, ਨਿਵੇਸ਼ ਅਤੇ ਲੋਕ ਭਲਾਈ ਨੂੰ ਉਤਸ਼ਾਹਿਤ ਕਰਦਾ ਹੈ

"ਇਹ ਗੱਲ ਮਹੱਤਵਪੂਰਨ ਹੈ ਕਿ ਸਾਰੇ ਲੋਕਤੰਤਰੀ ਰਾਸ਼ਟਰ ਕ੍ਰਿਪਟੋ-ਮੁਦਰਾ ਬਾਰੇ ਮਿਲ ਕੇ ਕੰਮ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਇਹ ਗਲਤ ਹੱਥਾਂ ਵਿੱਚ ਨਾ ਜਾਵੇ, ਜਿਸ ਨਾਲ ਸਾਡੇ ਨੌਜਵਾਨ ਵਿਗੜ ਸਕਦੇ ਹਨ"

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਪਹਿਲੇ ਸਿਡਨੀ ਡਾਇਲਾਗ ਵਿਚ ਮੁੱਖ ਭਾਸ਼ਣ ਦਿੱਤਾ। ਸ਼੍ਰੀ ਮੋਦੀ ਨੇ ਭਾਰਤ ਦੇ ਟੈਕਨੋਲੋਜੀ ਵਿਕਾਸ ਅਤੇ ਕ੍ਰਾਂਤੀ ਦੇ ਵਿਸ਼ੇ ਬਾਰੇ ਗੱਲ ਕੀਤੀ। ਉਨ੍ਹਾਂ ਦੇ ਭਾਸ਼ਣ ਤੋਂ ਪਹਿਲਾਂ ਆਸਟਰੇਲੀਆਈ ਪ੍ਰਧਾਨ ਮੰਤਰੀ ਸ਼੍ਰੀ ਸਕੌਟ ਮੌਰੀਸਨ ਨੇ ਸ਼ੁਰੂਆਤੀ ਟਿੱਪਣੀਆਂ ਕੀਤੀਆਂ ਸਨ।

ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਭਾਰਤ- ਪ੍ਰਸ਼ਾਂਤ ਖੇਤਰ ਅਤੇ ਉਭਰ ਰਹੇ ਡਿਜੀਟਲ ਸੰਸਾਰ ਵਿੱਚ ਭਾਰਤ ਦੀ ਕੇਂਦਰੀ ਭੂਮਿਕਾ ਦੀ ਮਹੱਤਤਾ ਬਾਰੇ ਕਿਹਾ। ਡਿਜੀਟਲ ਯੁੱਗ ਦੇ ਫਾਇਦਿਆਂ ਦੀ ਗੱਲ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਦੁਨੀਆ ਅੱਗੇ ਸਮੁੰਦਰੀ ਤਹਿ ਤੋਂ ਲੈ ਕੇ ਸਾਈਬਰ ਤੋਂ ਪੁਲਾੜ ਤੱਕ ਵੱਖ ਵੱਖ ਖਤਰਿਆਂ ਅਤੇ ਨਵੇਂ ਜੋਖਮਾਂ ਅਤੇ ਟਕਰਾਅ ਦੇ ਨਵੇਂ ਰੂਪਾਂ ਦਾ ਸਾਹਮਣਾ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ, "ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਇਸਦਾ ਖੁੱਲਾਪਣ ਹੈ। ਇਸ ਦੇ ਨਾਲ ਹੀ ਸਾਨੂੰ ਕੁਝ ਸਵਾਰਥੀ ਹਿੱਤਾਂ ਨੂੰ ਇਸ ਖੁੱਲੇਪਣ ਦੀ ਦੁਰਵਰਤੋਂ ਨਹੀਂ ਕਰਨ ਦੇਣੀ ਚਾਹੀਦੀ"।

ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋਕਤੰਤਰ ਅਤੇ ਡਿਜੀਟਲ ਮੋਢੀ ਦੇ ਤੌਰ 'ਤੇ ਭਾਰਤ ਸਾਂਝੀ ਖੁਸ਼ਹਾਲੀ ਅਤੇ ਸੁਰੱਖਿਆ ਲਈ ਭਾਈਵਾਲਾਂ ਨਾਲ ਕੰਮ ਕਰਨ ਲਈ ਤਿਆਰ ਹੈ। "ਭਾਰਤ ਦੀ ਡਿਜੀਟਲ ਕ੍ਰਾਂਤੀ ਦਾ ਆਧਾਰ ਸਾਡਾ ਲੋਕਤੰਤਰ, ਸਾਡੀ ਜਨਸੰਖਿਆ ਅਤੇ ਸਾਡੀ ਆਰਥਿਕਤਾ ਦਾ ਪੈਮਾਨਾ ਹੈ। ਇਸਨੂੰ ਸਾਡੇ ਨੌਜਵਾਨਾਂ ਦਾ ਉੱਦਮ ਅਤੇ ਨਵੀਨਤਾ ਚਲਾ ਰਹੇ ਹਨ। ਅਸੀਂ ਅਤੀਤ ਦੀਆਂ ਚੁਣੌਤੀਆਂ ਨੂੰ ਮੌਕਿਆਂ ਵਿਚ ਤਬਦੀਲ ਕਰ ਭਵਿੱਖ ਵਿੱਚ ਪੁਲਾਂਘ ਪੱਟ ਰਹੇ ਹਾਂ"

ਪ੍ਰਧਾਨ ਮੰਤਰੀ ਨੇ ਭਾਰਤ ਵਿੱਚ ਹੋਣ ਵਾਲੀਆਂ ਪੰਜ ਮਹੱਤਵਪੂਰਨ ਤਬਦੀਲੀਆਂ ਦੀ ਸੂਚੀ ਦਿੱਤੀ। ਇੱਕ, ਦੁਨੀਆ ਦਾ ਸਭ ਤੋਂ ਵਿਆਪਕ ਲੋਕ ਸੂਚਨਾ ਬੁਨਿਆਦੀ ਢਾਂਚਾ ਭਾਰਤ ਵਿੱਚ ਬਣਾਇਆ ਜਾ ਰਿਹਾ ਹੈ। 1.3 ਅਰਬ ਤੋਂ ਵੱਧ ਭਾਰਤੀਆਂ ਦੀ ਵਿਲੱਖਣ ਡਿਜੀਟਲ ਪਛਾਣ ਹੈ, ਛੇ ਲੱਖ ਪਿੰਡਾਂ ਨੂੰ ਛੇਤੀ ਹੀ ਬ੍ਰਾਡਬੈਂਡ ਅਤੇ ਦੁਨੀਆ ਦੇ ਸਭ ਤੋਂ ਕੁਸ਼ਲ ਭੁਗਤਾਨ ਬੁਨਿਆਦੀ ਢਾਂਚੇ UPI ਨਾਲ ਜੋੜਿਆ ਜਾਵੇਗਾ। ਦੋ, ਸ਼ਾਸਨ, ਸ਼ਮੂਲੀਅਤ, ਸਸ਼ਕਤੀਕਰਨ, ਸੰਪਰਕ, ਲਾਭ ਅਤੇ ਭਲਾਈ ਪਹੁੰਚਾਉਣ ਲਈ ਡਿਜੀਟਲ ਤਕਨਾਲੋਜੀ ਦੀ ਵਰਤੋਂ। ਤਿੰਨ, ਭਾਰਤ ਕੋਲ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਤੇ ਤੇਜ਼ੀ ਨਾਲ ਵਧਣ ਵਾਲਾ ਸਟਾਰਟਅੱਪ ਵਾਤਾਵਰਣ ਹੈ। ਚਾਰ, ਭਾਰਤ ਦੇ ਉਦਯੋਗਕ ਅਤੇ ਸੇਵਾ ਖੇਤਰ, ਇੱਥੋਂ ਤੱਕ ਕਿ ਖੇਤੀਬਾੜੀ ਵੀ, ਵੱਡੇ ਪੱਧਰ 'ਤੇ ਡਿਜੀਟਲ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਪੰਜ, ਭਾਰਤ ਨੂੰ ਭਵਿੱਖ ਲਈ ਤਿਆਰ ਕਰਨ ਦੀ ਵੱਡੀ ਕੋਸ਼ਿਸ਼ ਚਲ ਰਹੀ ਹੈ। "ਅਸੀਂ ਟੈਲੀਕਾਮ ਟੈਕਨੋਲੋਜੀ ਜਿਵੇਂ 5G ਅਤੇ 6G ਵਿੱਚ ਸਵਦੇਸ਼ੀ ਸਮਰੱਥਾਵਾਂ ਨੂੰ ਵਿਕਸਤ ਕਰਨ ਵਿੱਚ ਨਿਵੇਸ਼ ਕਰ ਰਹੇ ਹਾਂ। ਭਾਰਤ ਆਰਟੀਫਿਸ਼ਿਅਲ ਬੁੱਧੀ ਅਤੇ ਮਸ਼ੀਨ ਸਿਖਲਾਈ, ਖਾਸ ਤੌਰ 'ਤੇ ਆਰਟੀਫਿਸ਼ਿਅਲ ਬੁੱਧੀ ਦੀ ਮਨੁੱਖ-ਕੇਂਦਰਿਤ ਅਤੇ ਨੈਤਿਕ ਵਰਤੋਂ ਦੇ ਮਾਮਲੇ 'ਚ ਮੋਹਰੀ ਦੇਸ਼ਾਂ

ਅੰਦਰ ਸ਼ਾਮਲ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਕਲਾਉਡ ਪਲੇਟਫਾਰਮ ਅਤੇ ਕਲਾਉਡ ਕੰਪਿਊਟਿੰਗ" ਵਿਚ ਮਜ਼ਬੂਤ ਸਮਰੱਥਾਵਾਂ ਵਿਕਸਿਤ ਕਰ ਰਹੇ ਹਾਂ।

ਭਾਰਤ ਦੀ ਲਚਕਤਾ ਅਤੇ ਡਿਜੀਟਲ ਪ੍ਰਭੂਸੱਤਾ ਬਾਰੇ ਗੱਲ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ, "ਅਸੀਂ ਹਾਰਡਵੇਅਰ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ। ਅਸੀਂ ਸੈਮੀ-ਕੰਡਕਟਰਾਂ ਦੇ ਪ੍ਰਮੁੱਖ ਨਿਰਮਾਤਾ ਬਣਨ ਲਈ ਪ੍ਰੋਤਸਾਹਨ ਦਾ ਪੈਕੇਜ ਤਿਆਰ ਕਰ ਰਹੇ ਹਾਂ। ਇਲੈਕਟ੍ਰੋਨਿਕਸ ਅਤੇ ਟੈਲੀਕਾਮ ਵਿੱਚ ਸਾਡੀਆਂ ਉਤਪਾਦਨ ਨਾਲ ਜੁੜੀਆਂ ਪ੍ਰੋਤਸਾਹਨ ਯੋਜਨਾਵਾਂ ਪਹਿਲਾਂ ਹੀ ਭਾਰਤ ਵਿੱਚ ਅਧਾਰ ਸਥਾਪਤ ਕਰਨ ਲਈ ਸਥਾਨਕ ਅਤੇ ਗਲੋਬਲ ਖਿਡਾਰੀ ਨੂੰ ਖਿੱਚ ਰਹੀਆਂ ਹਨ। ।" ਉਨ੍ਹਾਂ ਨੇ ਡੇਟਾ ਸੁਰੱਖਿਆ, ਗੋਪਨੀਯਤਾ ਅਤੇ ਸੁਰੱਖਿਆ ਪ੍ਰਤੀਏ ਭਾਰਤ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਭਾਰਤ ਕੋਲ ਵਿਅਕਤੀਗਤ ਅਧਿਕਾਰਾਂ ਦੀ ਮਜ਼ਬੂਤ ਗਾਰੰਟੀ ਦਿੰਦੇ ਹੋਏ ਲੋਕਤੰਤਰੀ ਢਾਂਚੇ ਵਿੱਚ ਅਜਿਹਾ ਕਰਨ ਦਾ ਅਦੁੱਤਾ ਤਜਰਬਾ ਹੈ," ਪ੍ਰਧਾਨ ਮੰਤਰੀ ਨੇ ਕਿਹਾ।

ਪ੍ਰਧਾਨ ਮੰਤਰੀ ਨੇ ਕਿਹਾ ਕਿ Y2K ਸਮੱਸਿਆ ਨਾਲ ਨਜਿੱਠਣ ਵਿੱਚ ਭਾਰਤ ਦਾ ਯੋਗਦਾਨ ਅਤੇ ਸਾਰੇ ਵਿਸ਼ਵ ਨੂੰ CoWin ਪਲੇਟਫਾਰਮ ਓਪਨ ਸੋਰਸ ਸਾਫਟਵੇਅਰ ਵਜੋਂ ਵਰਤਣ ਦੀ ਪੇਸ਼ਕਸ਼ ਕਰਨਾ ਭਾਰਤ ਦੀਆਂ ਕਦਰਾਂ-ਕੀਮਤਾਂ ਅਤੇ ਦ੍ਰਿਸ਼ਟੀ ਦੇ ਉਦਾਹਰਣ ਹਨ। "ਭਾਰਤ ਦੀਆਂ ਲੋਕਤੰਤਰੀ ਪਰੰਪਰਾਵਾਂ ਪੁਰਾਣੀਆਂ ਹਨ; ਇਸ ਦੀਆਂ ਆਧੁਨਿਕ ਸੰਸਥਾਵਾਂ ਮਜ਼ਬੂਤ ਹਨ। ਅਤੇ, ਅਸੀਂ ਹਮੇਸ਼ਾ ਦੁਨੀਆ ਨੂੰ ਇਕ ਪਰਿਵਾਰ ਮੰਨਿਆ ਹੈ", ਉਨ੍ਹਾਂ ਨੇ ਕਿਹਾ।

ਸ਼੍ਰੀ ਮੋਦੀ ਨੇ ਕਿਹਾ ਕਿ ਲੋਕ ਭਲਾਈ, ਸਮਾਵੇਸ਼ੀ ਵਿਕਾਸ ਅਤੇ ਸਮਾਜਿਕ ਸਸ਼ਕਤੀਕਰਨ ਲਈ ਟੈਕਨੋਲੋਜੀ ਅਤੇ ਨੀਤੀ ਦੀ ਵਰਤੋਂ ਬਾਰੇ ਭਾਰਤ ਦਾ ਵਿਆਪਕ ਤਜ਼ਰਬਾ ਵਿਕਾਸਸ਼ੀਲ ਦੇਸ਼ਾਂ ਲਈ ਬਹੁਤ ਮਦਦਗਾਰ ਹੋ ਸਕਦਾ ਹੈ। "ਅਸੀਂ ਮੁਲਕਾਂ ਅਤੇ ਉਨ੍ਹਾਂ ਦੇ ਲੋਕਾਂ ਨੂੰ ਸਸ਼ਕਤ ਕਰਨ ਲਈ ਮਿਲ ਕੇ ਕੰਮ ਕਰ ਸਕਦੇ ਹਾਂ, ਅਤੇ ਉਨ੍ਹਾਂ ਨੂੰ ਇਸ ਸਦੀ ਦੇ ਮੌਕਿਆਂ ਲਈ ਤਿਆਰ ਕਰ ਸਕਦੇ ਹਾਂ", ਉਨ੍ਹਾਂ ਨੇ ਕਿਹਾ।

ਲੋਕਤੰਤਰਾਂ ਨੂੰ ਮਿਲ ਕੇ ਕੰਮ ਕਰਨ ਦੀ ਰੂਪਰੇਖਾ ਦਿੰਦੇ ਹੋਏ ਸ਼੍ਰੀ ਮੋਦੀ ਨੇ ਸਹਿਯੋਗੀ ਢਾਂਚੇ ਦੀ ਅਪੀਲ ਕਰਦੇ ਹੋਏ ਕਿਹਾ "ਭਵਿੱਖ ਦੀ ਟੈਕਨੋਲੋਜੀ 'ਚ ਖੋਜ ਅਤੇ ਵਿਕਾਸ ਵਿਚ ਇਕੱਠੇ ਨਿਵੇਸ਼ ਕਰਨ ਲਈ; ਭਰੋਸੇਮੰਦ ਨਿਰਮਾਣ ਅਧਾਰ ਅਤੇ ਭਰੋਸੇਮੰਦ ਸਪਲਾਈ ਚੇਨਾਂ ਨੂੰ ਵਿਕਸਤ ਕਰਨ ਲਈ ਸਾਈਬਰ ਸੁਰੱਖਿਆ 'ਤੇ ਖੁਫੀਆ ਅਤੇ ਸੰਚਾਲਨ ਸਹਿਯੋਗ ਨੂੰ ਡੂੰਘਾ ਕਰਨ ਲਈ, ਮਹੱਤਵਪੂਰਨ ਜਾਣਕਾਰੀ ਦੇ ਬੁਨਿਆਦੀ ਢਾਂਚੇ ਦੀ ਰੱਖਿਆ ਕਰਨ ਲਈ; ਜਨਤਕ ਰਾਏ ਨਾਲ ਹੇਰਾਫੇਰੀ ਨੂੰ ਰੋਕਣ ਲਈ ; ਸਾਡੀਆਂ ਲੋਕਤਾਂਤਰਿਕ ਕਦਰਾਂ ਕੀਮਤਾਂ ਦੇ ਅਨੁਕੂਲ ਤਕਨੀਕੀ ਅਤੇ ਸ਼ਾਸਨ ਦੇ ਮਿਆਰਾਂ ਅਤੇ ਨਿਯਮਾਂ ਨੂੰ ਵਿਕਸਤ ਕਰਨ ਲਈ; ਅਤੇ ਡੇਟਾ ਪ੍ਰਸ਼ਾਸਨ ਅਤੇ ਸਰਹੱਦੋਂ ਪਾਰ ਪ੍ਰਵਾਹ ਲਈ ਮਾਪਦੰਡ ਬਣਾਉਣ ਲਈ, ਜੋ ਡੇਟਾ ਨੂੰ ਸੁਰੱਖਿਅਤ ਕਰਦੇ ਹਨ।" ਉਨ੍ਹਾਂ ਨੇ ਕਿਹਾ ਕਿ ਉਭਰ ਰਹੇ ਢਾਂਚੇ ਨੂੰ "ਰਾਸ਼ਟਰੀ ਅਧਿਕਾਰਾਂ ਨੂੰ ਵੀ ਮਹੱਤਤਾ ਦੇਣੀ ਚਾਹੀਦੀ ਹੈ ਅਤੇ ਨਾਲ ਹੀ ਵਪਾਰ, ਨਿਵੇਸ਼ ਅਤੇ ਲੋਕ ਭਲਾਈ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ"।

ਇਸ ਸੰਦਰਭ ਵਿੱਚ ਉਨ੍ਹਾਂ ਨੇ ਕ੍ਰਿਪਟੋ-ਮੁਦਰਾ ਦਾ ਉਦਾਹਰਣ ਦਿੱਤਾ ਅਤੇ ਕਿਹਾ "ਇਹ ਗੱਲ ਮਹੱਤਵਪੂਰਨ ਹੈ ਕਿ ਸਾਰੇ ਲੋਕਤੰਤਰੀ ਮੁਲਕ ਇਸ ਬਾਰੇ ਮਿਲ ਕੇ ਕੰਮ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਇਹ ਗਲਤ ਹੱਥਾਂ ਵਿੱਚ ਨਾ ਜਾਵੇ, ਜਿਸ ਨਾਲ ਸਾਡੇ ਨੌਜਵਾਨ ਵਿਗੜ ਸਕਦੇ ਹਨ"।

ਨਵੀਂ ਦਿੱਲੀ
18 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.